# 8
# ਗੋਲੀਅਥ
## ਨਾਸਤਿਕਤਾ ਦੀ ਨਾਜ਼ੁਕ ਥਾਂ
## (17:1-54)

ਅਖਿਲੇਸ ਯੂਨਾਨੀ ਮਿਥਹਾਸ ਦਾ ਬਹੁਤ ਵੱਡਾ ਨਾਇਕ ਹੈ। ਟ੍ਰੋਏ ਦੀ ਲੜਾਈ ਵਿਚ ਯੂਨਾਨ ਵੱਲੋਂ ਟ੍ਰੋਏ ਨੂੰ ਹਰਾਉਣ ਵਿਚ ਉਸ ਦੀ ਅਹਿਮ ਭੂਮਿਕਾ ਸੀ। ਹੋਮੇਰ ਨੇ *ਦ ਇਲਿਆਦ* ਵਿਚ ਉਸ ਦਾ ਜ਼ਿਕਰ ਕੀਤਾ ਹੈ। ਉਸ ਦੇ ਜਨਮ ਦੇ ਫ਼ੌਰਨ ਬਾਅਦ ਉਸ ਦੀ ਮਾਂ ਨੇ ਉਸ ਦੇ ਜਿਸਮ ਨੂੰ ਨੁਕਸਾਨ ਤੋਂ ਬਚਾਉਣ ਲਈ ਸਟਿਕਸ ਦਰਿਆ ਵਿਚ ਡੁਬਕੀ ਲੁਆਈ ਸੀ। ਪਰ ਅੱਡੀ ਤੋਂ ਫੜ੍ਹਿਆ ਹੋਣ ਕਰਕੇ ਉਸ ਦੇ ਜਿਸਮ ਦਾ ਉਹ ਹਿੱਸਾ ਸੁੱਕਾ ਰਹਿ ਗਿਆ ਜਿਸ ਕਰਕੇ ਉਸ ਦੀ ਅੱਡੀ ਉੱਤੇ ਨਾਜ਼ੁਕ ਦਾਗ ਛੁੱਟ ਗਿਆ ਸੀ। ਟ੍ਰੋਏ ਦੀ ਲੜਾਈ ਵਿਚ ਅਖਿਲੇਸ ਦੀ ਅੱਡੀ ਵਿਚ ਉਹਦੇ ਦੁਸ਼ਮਣ ਪੈਰਿਸ ਵੱਲੋਂ ਛੱਡਿਆ ਇਕ ਜ਼ਹਿਰੀਲਾ ਤੀਰ ਲੱਗ ਗਿਆ। ਉਸ ਜ਼ਖ਼ਮ ਨਾਲ ਅਖਿਲੇਸ ਦੀ ਮੌਤ ਹੋ ਗਈ।

ਅਖਿਲੇਸ ਦੀ ਇਹ ਤਸਵੀਰ ਅਤੇ ਉਸ ਦਾ ਅਜਿੱਤ ਲੱਗਣਾ ਕੁਧਰਮ ਦੀ ਇਕ ਢੁਕਵੀਂ ਮਿਸਾਲ ਹੈ ਜਿਹੜੀ ਖ਼ੁਦਾ, ਬਾਈਬਲ, ਕਲੀਸੀਆ, ਅਤੇ ਉਸ ਸਭ ਦੇ ਖਿਲਾਫ਼ ਜੋ ਮਸੀਹੀ ਲੋਕ ਹਨ, ਖੜੀ ਹੈ। ਕੁਧਰਮ ਦੇ ਠੱਠੇ ਅਤੇ ਮਜ਼ਾਕ ਅਜਿੱਤ ਲੱਗਦੇ ਹਨ, ਪਰ ਅਸਲ ਵਿਚ ਉਹ ਇਕ ਦਰਦਨਾਕ ਸੱਟ ਲੱਗਣ ਵਾਲੀ ਨਾਜ਼ੁਕ ਥਾਂ ਹਨ।

1 ਸਮੂਏਲ 17 ਵਿਚ, ਕੁਧਰਮ ਦੀ ਨਾਜ਼ੁਕਤਾ ਦੀ ਇਕ ਸ਼ਾਨਦਾਰ ਮਿਸਾਲ ਹੈ। ਸਾਡੀ ਜਾਣ–ਪਛਾਣ ਗਥ ਵਾਸੀ ਗੋਲੀਅਥ ਨਾਮਕ ਇਕ ਦਿਓ ਨਾਲ ਹੁੰਦੀ ਹੈ। ਉਹ ਕੁਧਰਮ ਦੇ ਹਰ ਪਹਿਲੂ ਦਾ ਮੂਰਤ ਰੂਪ ਹੈ। ਉਹ ਦਿਖਾਵਟੀ, ਖ਼ੁਦਾ ਤੋਂ ਨਾ ਡਰਨ ਵਾਲਾ, ਜ਼ਾਲਮ ਅਤੇ ਖੁਦਗਰਜ਼ ਸੀ। ਇਸ ਅਧਿਆਇ ਵਿਚ ਕੁਧਰਮ ਬਾਰੇ ਇਕ ਜ਼ਬਰਦਸਤ ਸਬਕ ਮਿਲਦਾ ਹੈ।

ਮਿਕਮਾਸ਼ ਵਿਚ ਫ਼ਲਿਸਤੀਆਂ ਦੀ ਹਾਰ ਤੋਂ ਇਕ ਤੋਂ ਬਾਅਦ ਇਕ ਲੜਾਈ ਹੋਣ ਲੱਗੀ, ਜਿਹੜੀ ਸ਼ਾਊਲ ਦੀ ਹਕੂਮਤ ਤਕ ਜਾਰੀ ਰਹੀ (14:52)। 1 ਸਮੂਏਲ 17 ਵਿਚ ਉਨ੍ਹਾਂ ਅਹਿਮ ਲੜਾਈਆਂ ਵਿੱਚੋਂ ਇਕ ਇਸ ਲੜਾਈ ਦੌਰਾਨ ਹੋਈ। ਇਸਰਾਏਲੀ ਲੋਕ ਏਲਾਹ ਘਾਟੀ ਵਿਚ ਫ਼ਲਿਸਤੀਆਂ ਦੇ ਸਾਹਮਣੇ ਸਨ। ਇਸ ਲੜਾਈ ਦੇ ਕੁਦਰਤੀ ਨਜ਼ਾਰੇ ਨੇ ਇਸ ਨੂੰ ਨਿਰਾਲੀ ਬਣਾ ਦਿੱਤਾ ਸੀ। ਘਾਟੀ ਕਰੀਬ ਇਕ ਮੀਲ ਚੌੜੀ ਸੀ। ਇਸ ਦੇ ਵਿਚਕਾਰ ਕਟਾਅ ਹੋਣ ਕਰਕੇ ਬਾਰਾਂ ਫੁੱਟ ਡੂੰਘੀ ਅਤੇ ਵੀਹ ਫੁੱਟ ਚੌੜੀ ਇਕ ਖੱਡ ਬਣ ਗਈ ਸੀ। ਗਰਮੀਆਂ ਵਿਚ ਉਸ ਖੱਡ ਵਿੱਚੋਂ ਇਕ ਨਾਲਾ ਵਗਦਾ ਸੀ ਅਤੇ ਇਸ ਵਿਚ ਹੋਰ ਚੀਕਣੇ ਪੱਥਰ ਹੁੰਦੇ ਸਨ। ਘਾਟੀ ਦੀ ਅਜੀਬ ਬਣਤਰ ਨੇ ਦੋਹਾਂ ਫ਼ੌਜਾਂ ਵਿੱਚੋਂ ਕਿਸੇ ਲਈ ਵੀ ਹਮਲਾ ਕਰਨਾ ਨਾਮੁਮਕਿਨ ਬਣਾ ਦਿੱਤਾ ਸੀ, ਕਿਉਂਕਿ ਹਮਲਾਵਰ ਫ਼ੌਜ ਦੇ ਲੋਕ ਦੱਰੇ ਦੇ ਦੂਜੇ ਪਾਸੇ ਦੇ ਕੰਢੇ ਵੱਲ ਚੜ੍ਹਨ ਵੇਲੇ ਮਾਰੇ ਜਾ ਸਕਦੇ ਸਨ। ਇਸ ਦਾ ਇੱਕੋ ਹੱਲ ਸੀ ਕਿ ਇਕ ਨਾਲ ਇਕ ਬੰਦਾ ਲੜੇ। ਚਾਲੀ ਦਿਨਾਂ ਤਕ ਦੋਵੇਂ

ਫ਼ੌਜਾਂ ਉਸ ਘਾਟੀ ਦੇ ਦੋਵੇਂ ਪਾਸੇ ਜਮ੍ਹਾ ਹੁੰਦੀਆਂ, ਗੋਲੀਅਥ ਦੀ ਲਲਕਾਰ ਸੁਣਦੀਆਂ ਅਤੇ ਚਲੀਆਂ ਜਾਂਦੀਆਂ। ਦਿਨ ਵਿਚ ਦੋ ਵਾਰ ਇਵੇਂ ਹੀ ਹੁੰਦਾ ਸੀ (17:16)।

ਸਿਪਾਹੀਆਂ ਲਈ ਰਸਦ ਉਨ੍ਹਾਂ ਦੇ ਘਰਾਂ ਵਿੱਚੋਂ ਹੀ ਆਉਂਦੀ ਸੀ ਅਤੇ ਇਸੇ ਹੀ ਦ੍ਰਿਸ਼ ਵਿਚ ਜਵਾਨ ਦਾਊਦ ਦਾਖ਼ਲ ਹੁੰਦਾ ਹੈ। ਦਾਊਦ ਅਠਾਰਾਂ ਕੁ ਸਾਲਾਂ ਦਾ ਹੋਵੇਗਾ, ਜੋ ਫ਼ੌਜ ਦੀ ਸੇਵਾ ਲਈ ਬਹੁਤ ਛੋਟਾ ਸੀ (ਗਿਣਤੀ 1:3)। ਉਸ ਨੂੰ ''ਜਵਾਨ'' (17:58) ਕਿਹਾ ਗਿਆ ਹੈ ਜੋ ਵਿਆਹ ਦੀ ਉਮਰ ਦੇ ਗੱਭਰੂ ਨੂੰ ਕਿਹਾ ਜਾ ਸਕਦਾ ਹੈ। ਯੱਸੀ ਨੇ ਉਸ ਨੂੰ ਖਾਣਾ ਦੇ ਕੇ ਅਤੇ ਆਪਣੇ ਤਿੰਨ ਭਰਾਵਾਂ ਦੀ ਖ਼ਬਰ ਲਿਆਉਣ ਲਈ ਭੇਜਿਆ ਸੀ।

ਦਾਊਦ ਦੀ ਜਵਾਨ ਇੱਛਾ ਉਸ ਨੂੰ ਇਸਰਾਏਲੀ ਛਾਉਣੀ ਵਿਚ ਥੋੜ੍ਹਾ ਛੇਤੀ ਲੈ ਆਈ (17:20), ਅਤੇ ਉਸ ਨੇ ਉਸ ਦਿਨ ਦਿਓ ਦੀ ਲਲਕਾਰ ਪਹਿਲੀ ਵਾਰ ਸੁਣੀ। ਕਿਸੇ ਸਿਪਾਹੀ ਵੱਲੋਂ ਵੀ ਗੋਲੀਅਥ ਦੀ ਲਲਕਾਰ ਦਾ ਜਵਾਬ ਨਾ ਦੇਣ ਕਰਕੇ ਉਸ ਨੂੰ ਹੈਰਾਨੀ ਹੋਈ। ਇਹ ਵੇਖ ਕੇ ਕਿ ਕੋਈ ਵੀ ਗੋਲੀਅਥ ਦਾ ਜਵਾਬ ਨਹੀਂ ਦੇ ਰਿਹਾ ਸੀ, ਦਾਊਦ ਨੇ ਗਥ ਵਾਸੀ ਇਸ ਦਿਓ ਨੂੰ ਜਵਾਬ ਦੇਣ ਲਈ ਆਹਮੋ ਸਾਹਮਣੇ ਦੀ ਲੜਾਈ ਦੇ ਇਕਤਾਲੀਵੇਂ ਦਿਨ ਕਦਮ ਰੱਖਿਆ। ਉਸ ਫ਼ੈਸਲਾਕੁਨ ਦਿਨ ਜਵਾਨ ਦਾਊਦ ਨੇ ਕੁਧਰਮ ਦੀ ਨਾਜ਼ੁਕਤਾ ਦਾ ਪਤਾ ਲਾ ਕੇ ਖ਼ੁਦਾ ਲਈ ਇਕ ਵੱਡੀ ਜਿੱਤ ਹਾਸਲ ਕੀਤੀ!

## ਨਾਸਤਿਕਤਾ ਦਾ ਖੋਖਲਾ ਘਮੰਡ

ਚਾਲੀ ਦਿਨਾਂ ਤਕ ਗੋਲੀਅਥ ਲਲਕਾਰਦਾ ਰਿਹਾ (17:4ਤੋਂ)। ਦੋਹਾਂ ਪਾਸਿਆਂ ਦੀਆਂ ਫ਼ੌਜਾਂ ਨੂੰ ਲੱਗ ਰਿਹਾ ਸੀ ਕਿ ਗੋਲੀਅਥ ਨੂੰ ਸਰਬਸੰਮਤੀ ਨਾਲ ''ਸੂਰਮਾ'' ਮੰਨ ਲਿਆ ਗਿਆ ਹੈ (17:4, 23)। ਬੁਨਿਆਦੀ ਤੌਰ ਤੇ ਇਹ ਰੁਤਬਾ ਲੜਾਈ ਜਿੱਤਣ ਜਾਣ ਵਾਲੇ ਲਈ ਵਰਤਿਆ ਜਾਂਦਾ ਸੀ। ਗੋਲੀਅਥ ਦੀ ਮੌਜੂਦਗੀ ਪ੍ਰਭਾਵਸ਼ਾਲੀ ਸੀ ਅਤੇ ਜ਼ਾਹਿਰ ਹੈ ਕਿ ਇਸਰਾਏਲੀ ਉਸ ਤੋਂ ਡਰ ਗਏ ਸਨ। ਇਹ ਦਿਓ ਨੌਂ ਫੁੱਟ ਤੋਂ ਉੱਪਰ ਸੀ ਅਤੇ ਆਮ ਇਸਰਾਏਲੀਆਂ ਨਾਲੋਂ ਉੱਚਾ ਸੀ। ਉਹ ਬਦਨਾਮ ਅਨਾਕ ਦੇ ਵੰਸ਼ ਵਿੱਚੋਂ ਸੀ (ਗਿਣਤੀ 13:28)।

ਸਰੀਰਕ ਡੀਲ ਡੌਲ ਦੇ ਇਲਾਵਾ ਗੋਲੀਅਥ ਦੇ ਹਥਿਆਰ ਵੀ ਡਰਾਉਣੇ ਸਨ। ਉਸ ਨੇ ਪਿੱਤਲ ਦੀ ਪੱਤਰਿਆਂ ਵਾਲੀ ਝਿਲਮ ਪਾਈ ਹੋਈ ਸੀ। ਜੋ ਦੋ ਸੌ ਪਾਉਂਡ ਕਰੀਬ ਭਾਵ ਨੱਬੀ ਕੱਲੋ ਤੋਂ ਵੱਧ ਸੀ। ਗੋਡਿਆਂ ਤੋਂ ਹੇਠਾਂ ਉਸ ਦੀਆਂ ਪਿੰਨੀਆਂ ਤੇ ਪਿੱਤਲ ਦੇ ਕਵਚ ਸਨ ਜਦ ਕਿ ਮੋਢੇ ਉੱਤੇ ਕਹੇਂ ਦੀ ਬਰਛੀ ਹੁੰਦੀ ਸੀ। ਉਹਦੀ ਬਰਛੀ ਵੀ ਬਹੁਤ ਵੱਡੀ ਸੀ। ਜਿਸ ਦਾ ਭਾਰ ਪੰਝੀ ਪਾਊਂਡ (ਲਗਭਗ 11 ਕਿੱਲੋ) ਸੀ। ਉਹ ਪਿੱਤਲ ਦਾ ਇਕ ਟੋਪ ਪਾਉਂਦਾ ਸੀ ਅਤੇ ਉਹਦੇ ਅੱਗੇ ਅੱਗੇ ਵੱਡੀ ਢਾਲ ਲਈ ਇਕ ਆਦਮੀ ਸੀ।

ਗੋਲੀਅਥ ਨੇ ਆਪਣੀ ਸਰੀਰਕ ਬਨਾਵਟ ਦੇ ਨਾਲ ਨਾਲ ਲਲਕਾਰ ਨਾਲ ਵੀ ਇਸਰਾਏਲੀਆਂ ਨੂੰ ਕੰਬਣੀ ਲਾ ਦਿੱਤੀ (17:10)। ਉਹਦੀ ਅਵਾਜ਼ ਸੁਣ ਕੇ ਹੀ ਇਸਰਾਏਲੀ ਕੰਬ ਜਾਂਦੇ ਸਨ, ਜਿਨ੍ਹਾਂ ਵਿਚ ਉਨ੍ਹਾਂ ਦਾ ਬਾਦਸ਼ਾਹ ਵੀ ਸੀ ਜਿਹੜਾ ਹੋਰ ਸਭ ਲੋਕਾਂ ਨਾਲੋਂ ਉੱਚੇ ਕੱਦ ਕਾਠ ਵਾਲਾ ਸੀ। ਇਸਰਾਏਲੀ ਲੋਕ ਗੋਲੀਅਥ ਦੀ ਹਰ ਚੁਣੌਤੀ ਨੂੰ ਸੁਣ ਕੇ ਡਰ ਨਾਲ ਖ਼ੌਫ਼ਜ਼ਦਾ ਹੋ ਜਾਂਦੇ ਸਨ।

ਗੋਲੀਅਥ ਦੀ ਇਹ ਬੇਕਾਰ ਸ਼ੇਖੀ ਅੱਜ ਖ਼ੁਦਾ ਦੇ ਲੋਕਾਂ ਦਾ ਸਾਹਮਣਾ ਕਰਨ ਵਾਲੇ ਆਧੁਨਿਕ ਨਾਸਤਿਕਾਂ ਦੇ ਰੂਪ ਵਿਚ ਹੈ। ਬਦਨਾਮ ਵੋਲਟੇਅਰ ਸ਼ੇਖ਼ੀ ਮਾਰਦਾ ਸੀ ਕਿ ਉਹ

ਆਪਣੇ ਜੀਉਂਦੇ ਜੀ ਵੇਖੇਗਾ ਕਿ ਬਾਈਬਲ ਸਿਰਫ਼ ਅਜਾਇਬ-ਘਰਾਂ ਵਿਚ ਹੀ ਨਜ਼ਰ ਜਾਵੇਗੀ। ਉਹਦੀ ਮੌਤ ਦੇ ਬਾਅਦ ਵੋਲਟੇਅਰ ਦੀ ਪ੍ਰਿੰਟਿੰਗ ਪ੍ਰੈਸ ਵਿਚ ਹੀ ਬਾਈਬਲਾਂ ਛਪੀਆਂ ਅਤੇ ਲੋਕਾਂ ਵਿਚ ਵੰਡੇ ਜਾਣ ਤੋਂ ਪਹਿਲਾਂ ਉਨ੍ਹਾਂ ਨੂੰ ਉਸੇ ਦੇ ਘਰ ਵਿਚ ਰੱਖਿਆ ਜਾਂਦਾ ਸੀ! 20 ਅਕਤੂਬਰ 1980 ਦੇ *ਟਾਈਮ* ਰਸਾਲੇ ਵਿਚ ਕਾਰਲ ਸੈਗਿੰਡ ਨੇ ਸ੍ਰਿਸ਼ਟੀਵਾਦੀਆਂ ਨੂੰ ਚੁਣੌਤੀ ਦਿੱਤੀ ਕਿ ਉਹ ਖ਼ੁਦਾ ਵਿਚ ਆਪਣੇ ਵਿਸ਼ਵਾਸ ਦੀ ਸਫ਼ਾਈ ਦੇਣ।[1] ਜਦ ਚੁਣੌਤੀ ਨੂੰ ਮੰਨ ਲਿਆ ਗਿਆ ਤਾਂ ਸੈਗਨ ਨੇ ਉਸ ਦਾ ਜਵਾਬ ਨਹੀਂ ਦਿੱਤਾ।[2] ਸੈਗਨ ਅਤੇ ਉਹਦੇ ਵਰਗੇ ਹੋਰ ਲੋਕ ਖ਼ੁਦਾ ਨੂੰ ਨਕਾਰਦੇ ਹਨ, ਪਰ ਗੋਲੀਅਥ ਦੀਆਂ ਗੱਲਾਂ ਵਾਂਗ ਉਨ੍ਹਾਂ ਦੀਆਂ ਸ਼ੇਖ਼ੀਆਂ ਵੀ ਥੋਥੀਆਂ ਹੀ ਹਨ।

ਆਧੁਨਿਕ ਵਿਸ਼ਵਾਸੀਓ ਧਿਆਨ ਦਿਓ। ਨਾਸਤਿਕਤਾ ਜਾਂ ਕੁਧਰਮ ਦੀਆਂ ਸ਼ੇਖ਼ੀਆਂ ਦੀ ਕੋਈ ਬੁਨਿਆਦ ਨਹੀਂ ਹੈ (ਤੁਲਨਾ 2 ਪਤਰਸ 2:12, 17-19)। ਕੁਝ ਲੋਕਾਂ ਦਾ ਤਰਕ ਹੈ ਕਿ ਬਾਈਬਲ ਦੀਆਂ ਜ਼ਬਰਦਸਤ ਦਿੱਕਤਾਂ ਹਨ, ਪਰ ਇਹ ਸ਼ੇਖ਼ੀਆਂ ਵੀ ਤਾਂ ਤੱਥਾਂ ਵਾਲੇ ਸਬੂਤ ਨਾਲ ਨਹੀਂ ਮਾਰੀਆਂ ਜਾਂਦੀਆਂ! ਨਾਸਤਿਕਤਾ, ਅਗਿਆਤਵਾਦ ਅਤੇ ਸੰਦੇਹਵਾਦ ਕਦੇ-ਕਦੇ ਪ੍ਰਭਾਵਸ਼ਾਲੀ ਲਗਦੇ ਹਨ, ਪਰ ਗੋਲੀਅਥ ਵਾਂਗ ਹੀ ਨਾਸਤਿਕਤਾ ਵੀ ਥੋਥੀਆਂ ਸ਼ੇਖ਼ੀਆਂ ਨਾਲ ਭਰੀ ਹੈ! (17:49, 50)।

## ਨਾਸਤਿਕਤਾ ਦੀ ਸਪੱਸ਼ਟ ਨਾਜ਼ੁਕਤਾ

ਗੋਲੀਅਥ ਬਾਰੇ ਭਾਵੇਂ ਲਗਦਾ ਸੀ ਕਿ ਉਹ ਹਾਰ ਨਹੀਂ ਸਕਦਾ, ਪਰ ਅਖਿਲੇਸ ਵਾਲੀ ਅੱਡੀ ਉਹਦੇ ਲਈ ਤਬਾਹਕੁਨ ਸਾਬਿਤ ਹੋਈ। ਸ਼ਾਊਲ ਵੱਲੋਂ ਦਾਊਦ ਨੂੰ ਗੋਲੀਅਥ ਨਾਲ ਲੜਨ ਦੀ ਇਜਾਜ਼ਤ ਦਿੰਦਿਆਂ ਹੀ, ਉਸ ਨੇ ਜਵਾਨ ਨੂੰ ਆਪਣੇ ਹਥਿਆਰ ਦੇਣ ਦੀ ਕੋਸ਼ਿਸ਼ ਕੀਤੀ (17:38)। ਇਹ ਹਥਿਆਰ ''ਲੜਾਈ ਵਾਲਾ ਲਿਬਾਸ'' ਵੀ ਸਨ ਜੋ ਕਿ ਸਿਪਾਹੀਆਂ ਵੱਲੋਂ ਪਾਇਆ ਜਾਣ ਵਾਲਾ ਸੁਰੱਖਿਆ ਕਵਚ ਹੁੰਦਾ ਸੀ। ਪਰ ਦਾਊਦ ਨੇ ''ਆਜੜੀ ਵਾਲੇ ਕੱਪੜੇ'' (17:40) ਪਾਉਣਾ ਹੀ ਪਸੰਦ ਕੀਤਾ। ਉਹਦੇ ਹੱਥ ਵਿਚ ਕੋਈ ਤਲਵਾਰ ਨਹੀਂ ਸੀ; ਪਾਉਣ ਲਈ ਕੋਈ ਕਵਚ ਨਹੀਂ ਸੀ ਅਤੇ ਨਾ ਹੀ ਉਹ ਆਪਣੇ ਨਾਲ ਕੋਈ ਹਥਿਆਰ ਲੈ ਕੇ ਗਿਆ। ਉਹਦੇ ਕੋਲ ਸਿਰਫ਼ ਆਮ ਜਿਹਾ ਗੋਪੀਆ ਸੀ। ਖ਼ੁਦਾ ਵਿਚ ਦਾਊਦ ਦਾ ਵਿਸ਼ਵਾਸ *ਉਸਦਾ* ਸਭ ਤੋਂ ਵੱਡਾ ਹਥਿਆਰ ਸੀ! ਦੋਵੇਂ ਫ਼ੌਜਾਂ ਪਹਿਲਾਂ ਹੀ ਆਪੋ ਆਪਣੀ ਥਾਂ ਜਾ ਚੁੱਕੀਆ ਸਨ। ਅਰਾਮ ਕਰਦਿਆਂ ਉਨ੍ਹਾਂ ਨੇ ਜਵਾਨ ਦਾਊਦ ਨੂੰ ਦੱਰੇ ਦੀ ਢਲਾਣ ਤੋਂ ਹੇਠਾਂ ਉੱਤਰਦੇ ਵੇਖਿਆ। ਖਾਮੋਸ਼ੀ ਨਾਲ ਉਸ ਨੇ ਨਾਲੇ ਤੇ ਰੁਕ ਕੇ ਪੰਜ ਚੀਕਣੇ ਚੀਕਣੇ ਪੱਥਰ ਚੁਗ ਲਏ। ਫਿਰ ਫ਼ਲਿਸਤੀ ਇਹ ਵੇਖ ਕੇ ਹੈਰਾਨ ਸਨ ਕਿ ਦਾਊਦ ਦੱਰੇ ਤੋਂ ਚੜ੍ਹ ਕੇ ਫ਼ਲਿਸਤੀਆਂ ਦੇ ਇਲਾਕੇ ਵਿਚ ਜਾ ਖਲੋਤਾ। ਬੇਸ਼ਕ ਗੋਲੀਅਥ ਉੱਥੇ ਬੈਠਾ ਹੋਇਆ ਸੀ ਅਤੇ ਇਹ ਸਮਝ ਕੇ ਕਿ ਦਾਊਦ ਉਹਦੀ ਚੁਣੌਤੀ ਦਾ ਜਵਾਬ ਦੇ ਰਿਹਾ ਹੈ, ਉਹ ਉੱਠ ਕੇ ਧਮਕੀਆਂ ਅਤੇ ਗਾਲਾਂ ਦਿੰਦਾ ਹੋਇਆ ਦਾਊਦ ਵੱਲ ਨੂੰ ਵਧਣ ਲੱਗਾ। ਦਾਊਦ ਦੇ ਜਵਾਬ ਵਿਚ ਕੋਈ ਖ਼ੌਫ਼ ਨਹੀਂ ਸੀ, ਸਿਰਫ਼ ਵਿਸ਼ਵਾਸ ਸੀ। ਇਕ ਪੱਥਰ ਚੁਗ ਕੇ ਖ਼ੁਦਾ ਦੀ ਮਦਦ ਨਾਲ ਉਸ ਨੇ ਉਸ ਦਿਓ ਨੂੰ ਢੇਰ ਕਰ ਦਿੱਤਾ ਅਤੇ ਓਸੇ ਦੀ ਤਲਵਾਰ ਨਾਲ ਉਸ ਦਾ ਸਿਰ ਧੜ ਤੋਂ ਅੱਡ ਕਰ ਦਿੱਤਾ!

ਬੇਸ਼ੱਕ ਆਧੁਨਿਕ ਮਨੁੱਖ ਅਤੇ ਗਥ ਵਾਸੀ ਉਸ ਦਿਓ ਵਿਚ ਸਦੀਆਂ ਦਾ ਫ਼ਰਕ ਹੈ, ਪਰ ਨਾਸਤਿਕਤਾ ਦੇ ਖੋਖਲੇਪਣ ਦੇ ਖਾਤਮੇ ਲਈ ਉਹੀ ਤੱਤ ਜ਼ਰੂਰੀ ਹੈ। ਗੋਲੀਅਥ ਅਤੇ ਨਾਸਤਿਕਤਾ ਦੀ ਨਾਜ਼ੁਕਤਾ ਖ਼ੁਦਾ ਨੂੰ ਠੁਕਰਾਉਣਾ ਅਤੇ ਉਸ ਦੀ ਤੌਹੀਨ ਕਰਨਾ (17:43, 45);

ਸੁਰੱਖਿਆ ਲਈ ਆਪਣੇ ਆਪ ਉੱਤੇ ਭਰੋਸਾ (17:10, 45; ਯਿਰਮਿਯਾਹ 10:23); ਛੋਟੀਆਂ ਛੋਟੀਆਂ ਗੱਲਾਂ ਦੇ ਖ਼ਤਰਿਆਂ ਨੂੰ ਨਾ ਵੇਖ ਸਕਣਾ (ਭਾਵ ਗੋਪੀਆ 17:43; ਤੁਲਨਾ 1 ਕੁਰਿੰਥੀਆਂ 1:27); ਘੁਮੰਡ ਅਤੇ ਅੱਖੜਪਣ (17:44; ਕਹਾਉਤਾਂ 16:18) ਦੀਆਂ ਤਿੰਨ ਗੱਲਾਂ ਵਿਚ ਮਿਲਦੀ ਹੈ।

## ਨਾਸਤਿਕਤਾ ਦਾ ਭਵਿੱਖ

ਵਿਸ਼ਵਾਸੀਆਂ ਨੂੰ ਨਾਸਤਿਕਤਾ ਦੀ ਚੁਣੌਤੀ ਦਾ ਸਾਹਮਣਾ ਕਰਨਾ ਪੈਂਦਾ ਹੀ ਰਹੇਗਾ। ਇਹ ਚੁਣੌਤੀ ਗੁਰੂਆਂ, ਪੱਕੇ ਦੋਸਤਾਂ, ਨਾਲ ਕੰਮ ਕਰਨ ਵਾਲਿਆਂ ਜਾਂ ਪਰਿਵਾਰ ਦੇ ਲੋਕਾਂ ਤੋਂ ਹੀ ਹੋ ਸਕਦੀ ਹੈ। ਵਿਸ਼ਵਾਸੀਆਂ ਨੂੰ ਮਜ਼ਾਕ ਅਤੇ ਸਵਾਲਾਂ ਦਾ ਸਾਹਮਣਾ ਕਰਨਾ ਪਵੇਗਾ। ਸ਼ੈਤਾਨ ਕਦੇ ਵੀ ਹਮਲੇ ਕਰਨ ਵਿਚ ਢਿੱਲ ਨਹੀਂ ਵਰਤਦਾ (2 ਕੁਰਿੰਥੀਆਂ 4:8, 9; 10:3–5)। ਸ਼ਾਊਲ ਅਤੇ ਇਸਰਾਏਲੀਆਂ ਵਾਂਗ ਬਹੁਤ ਸਾਰੇ ਮਸੀਹੀ ਭਾਵ ਸੰਤ ਅਜਿਹੇ ਹਨ ਜਿਹੜੇ ਨਾਸਤਿਕਤਾ ਦਾ ਸਾਹਮਣਾ ਕਰਨ ਤੇ ਹੰਭ ਜਾਂਦੇ ਹਨ (17:24)। ਬੜੇ ਘੱਟ ਸੰਤ ਦਾਊਦ ਵਰਗੇ ਹੁੰਦੇ ਹਨ, ਜਿਸ ਨੇ ਡਰਪੋਕ ਬਣਨ ਤੋਂ ਨਾਂਹ ਕਰ ਦਿੱਤੀ (17:36, 48)। ਵਿਸ਼ਵਾਸੀ ਜੇ ਪੱਕੇ ਵਿਸ਼ਵਾਸ ਨਾਲ ਨਾਸਤਿਕ ਦੁਸ਼ਮਣ ਦਾ ਸਾਹਮਣਾ ਕਰਨ ਤਾਂ ਜਿੱਤ ਯਕੀਨਨ ਹੀ ਉਨ੍ਹਾਂ ਦੀ ਹੀ ਹੋਵੇਗੀ (17:45–51; ਯਾਕੂਬ 4:7)।

ਆਪਣੀਆਂ ਜ਼ਿੰਦਗੀਆਂ ਵਿਚ ਨਾਸਤਿਕਤਾ ਉੱਤੇ ਜਿੱਤ ਪਾਉਣ ਲਈ ਸਾਨੂੰ ਇਨ੍ਹਾਂ ਗੱਲਾਂ ਦੀ ਸਮਝ ਹੋਣੀ ਜ਼ਰੂਰੀ ਹੈ:ਪਹਿਲੀ, ਨਾਸਤਿਕਤਾ ਆਪਣੀ ਲਲਕਾਰ ਨਾਲ ਦਬਾਅ ਪਾਉਣ ਦੀ ਕੋਸ਼ਿਸ਼ ਕਰਦੀ ਹੈ ਅਤੇ ਉਹ ਲਲਕਾਰੇ ਸਾਡੇ ਦਿਲਾਂ ਵਿਚ ਡਰ ਪੈਦਾ ਕਰਨ ਲਈ ਬਣਾਏ ਗਏ ਹੁੰਦੇ ਹਨ (1 ਤਿਮੋਥਿਉਸ 1:7, 8; ਹਿਜ਼ਕੀਏਲ 2:6; 3:9; 1 ਕੁਰਿੰਥੀਆਂ 16:13; ਫ਼ਿਲਿੱਪੀਆਂ 1:27, 28)।

ਦੂਜੀ, ਸਾਨੂੰ ਖ਼ੁਦਾ ਲਈ ਖੜੇ ਹੋਣਾ ਚਾਹੀਦਾ ਹੈ ਭਾਵੇਂ ਅਸੀਂ ਇਕੱਲੇ ਹੀ ਕਿਉਂ ਨਾ ਹੋਈਏ। ਦਾਊਦ ਨੇ ਡਰੀ ਹੋਈ ਭੀੜ ਨਾਲ ਖੜੇ ਰਹਿਣ ਤੋਂ ਨਾਂਹ ਕਰ ਦਿੱਤੀ ਸੀ (17:32)। ਜਦ ਤਕ ਖ਼ੁਦਾ ਉਹਦੇ ਨਾਲ ਸੀ, ਦਾਊਦ ਇਕੱਲਾ ਲੜਾਈ ਦਾ ਬੋਝ ਚੁੱਕਣ ਨੂੰ ਤਿਆਰ ਸੀ (17:37; ਤੁਲਨਾ 1 ਕੁਰਿੰਥੀਆਂ 15:58)।

ਤੀਜੀ, ਨਾਸਤਿਕਤਾ ਦੇ ਠੱਠਿਆਂ ਅਤੇ ਸ਼ੇਖੀਆਂ ਉੱਤੇ ਜਿੱਤ ਪਾਉਣ ਦਾ ਇੱਕੋ ਢੰਗ ਖ਼ੁਦਾ ਉੱਤੇ ਭਰੋਸਾ ਰੱਖੋ (17:37, 47; ਤੁਲਨਾ ਜ਼ਬੂਰ 27:1; 35:1–7; ਯਸਾਯਾਹ 65:24; 2 ਸਮੂਏਲ 22:1ਤੋ; ਜ਼ਬੂਰ 18:29–35)।

ਚੌਥੀ, ਜਦ ਨਾਸਤਿਕਤਾ ਦਾ ਸਾਹਮਣਾ ਮਜ਼ਬੂਤ *ਅਤੇ* ਮੇਲ ਖਾਂਦੇ ਵਿਸ਼ਵਾਸ ਨਾਲ ਕੀਤਾ ਜਾਂਦਾ ਹੈ ਤਾਂ ਇਹ ਉਲਟੇ ਪੈਰੀਂ ਭੱਜ ਜਾਵੇਗੀ! (17:51; ਮੱਤੀ 4:11)। ਸ਼ਾਊਲ ਨਾਸਤਿਕਤਾ ਦਾ ਸਾਹਮਣਾ ਨਹੀਂ ਕਰ ਸਕਿਆ, ਕਿਉਂਕਿ ਉਸ ਨੇ ਹੁਕਮ ਤੋੜ ਕੇ ਖ਼ੁਦਾ ਨਾਲ ਸਾਰੇ ਸਬੰਧ ਖ਼ਰਾਬ ਕਰ ਲਏ ਸਨ। ਸ਼ਾਊਲ ਗੋਲੀਅਥ ਨੂੰ ਮਾਰਨ ਵਾਲੇ ਨੂੰ ਸਿਰਫ਼ ਵਾਅਦੇ ਦੇ ਸਕਦਾ ਸੀ (17:25)। ਪਰ ਆਓ ਖ਼ੁਦਾ ਵਿਚ ਅਤੇ ਉਸ ਵਿਚ ਜਿਹੜਾ ਸ਼ੁੱਧ ਹੈ, ਯਕੀਨ ਰੱਖੀਏ ਅਤੇ ਅਸੀਂ ਨਾਸਤਿਕਤਾ ਨੂੰ ਹਰਾ ਦਿਆਂਗੇ! ਖ਼ੁਦਾ ਦੀ ਕਮਜ਼ੋਰ ਤੋਂ ਕਮਜ਼ੋਰ ਸੰਤਾਨ ਜਿਸ ਦਾ ਵਿਸ਼ਵਾਸ ਸੁਰਗੀ ਪਿਤਾ ਵਿਚ ਹੈ, ਐਨੀ ਮਜ਼ਬੂਤ ਹੈ ਕਿ ਉਹ ਦੁਨੀਆਂ ਉੱਤੇ ਫ਼ਤਹਿ ਪਾ ਸਕਦੀ ਹੈ (ਯੂਹੰਨਾ 16:33)।

## ਸਾਰ

ਹੈਰਾਨੀ ਦੀ ਗੱਲ ਨਹੀਂ ਹੈ ਕਿ ਅੱਜ ਕਿੰਨੇ ਹੀ ਲੋਕਾਂ ਦੀਆਂ ਜ਼ਿੰਦਗੀਆਂ ਵਿਚ ਗੋਲੀਅਥ ਹਨ? ਉਹ ਉਨ੍ਹਾਂ ਲੋਕਾਂ ਲਈ ਜਿਹੜੇ ਨਾਸਤਿਕ ਹਨ, ਮੀਲ ਦਾ ਪੱਥਰ ਹਨ। ਉਸ ਲੜਾਈ ਵਿਚ ਉਸ ਦਾ ਨਾ ਜਿੱਤ ਸਕਣਾ ਵੀ ਇਸ ਗੱਲ ਦਾ ਸੰਕੇਤ ਹੈ ਕਿ ਸਿਰਫ਼ ਮਸੀਹ ਦਾ ਤਰੀਕਾ ਹੀ ਸਹੀ ਹੈ। ਆਓ ਅਸੀਂ ਦਾਊਦ ਦੇ ਵਿਸ਼ਵਾਸ ਦੀ ਨਕਲ ਕਰਕੇ ਉਹਦੇ ਵਾਂਗ ਹੀ ਨਾਸਤਿਕਤਾ ਉੱਤੇ ਫ਼ਤਹਿ ਪਾਈਏ।

ਗ੍ਰੀਨ ਮਾਉਂਟੇਂਡ ਬੁਆਇਜ਼ ਦਾ ਲੀਡਰ ਕਰਨਲ ਇੱਥਨ ਐਲਨ ਮਸ਼ਹੂਰ ਨਾਸਤਿਕ ਸੀ। ਉਸ ਦੀ ਪਤਨੀ ਖ਼ੁਦਾ ਦਾ ਭੈਅ ਰੱਖਣ ਵਾਲੀ ਔਰਤ ਸੀ ਅਤੇ ਉਨ੍ਹਾਂ ਦੀਆਂ ਬੇਟੀਆਂ ਨੂੰ ਇੰਜੀਲ ਸੁਣਾਈ ਗਈ ਸੀ। ਕੁੜੀ ਬੀਮਾਰ ਹੋ ਗਈ ਅਤੇ ਉਸ ਦੇ ਪਿਤਾ ਨੂੰ ਉਸ ਦੇ ਆਖ਼ਰੀ ਬੋਲ ਸੁਣਨ ਲਈ ਸੱਦਿਆ ਗਿਆ; ''ਪਿਤਾ ਜੀ, ਮੇਰੀ ਮੌਤ ਨੇੜੇ ਹੈ। ਕੀ ਮੈਂ ਤੁਹਾਡੇ ਸਿਖਾਏ ਸਿਧਾਂਤਾਂ ਉੱਤੇ ਯਕੀਨ ਕਰਾਂ ਜਾਂ ਉਸ ਸਿੱਖਿਆ ਉੱਤੇ ਜਿਹੜੀ ਮਾਂ ਨੇ ਮੈਨੂੰ ਦਿੱਤੀ ਸੀ?'' ਆਪਣੇ ਜਜ਼ਬਾਤ ਕਾਬੂ ਵਿਚ ਰੱਖਦਿਆਂ ਇਕ ਪਲ ਰੁਕਣ ਦੇ ਬਾਅਦ ਉਸ ਨੇ ਜਵਾਬ ਦਿੱਤਾ, ''ਉਸ ਸਿੱਖਿਆ ਉੱਤੇ ਜਿਹੜੀ ਤੇਰੀ ਮਾਂ ਨੇ ਦਿੱਤੀ ਹੈ।'' ਨਾਸਤਿਕਤਾ ਦੀ ਨਾਜ਼ੁਕਤਾ ਜ਼ਾਹਿਰ ਹੈ। ਇੰਜੀਲ ਦੇ ਹੁਕਮਾਂ ਦਾ ਪਾਲਣ ਕਰਨ ਤੋਂ ਕੋਈ ਕਿਵੇਂ ਇਨਕਾਰ ਕਰ ਸਕਦਾ ਹੈ?

---

ਟਿੱਪਣੀਆਂ

[1]ਫ੍ਰੈਡਰਿਕ ਗੋਲਡਨ, ''ਦ ਕੌਸਮਿਕ ਐਕਸਪਲੇਨਰ,'' *ਟਾਈਮ*, 20 ਅਕਤੂਬਰ 1980, ਸਫ਼ਾ 63.
[2]ਥੌਮਸ ਬੀ. ਵਾਰਨ, ''ਵਿਲ ਪ੍ਰੋਫ਼ੈ. ਕਾਰਲ ਸੇਗਨ ਫ਼ੇਸ ਅਪ ਟੂ ਐਨ ਅਕਸੈਪਟੈਂਸ ਆਫ਼ ਹਿਜ਼ 'ਓਪਨ ਚੈਲੰਜ' ਟੂ ਬਿਬਲੀਕਲ ਕ੍ਰਿਏਸ਼ਨਿਸਟਸ?'' *ਸਪਿਰਚੁਅਲ ਸੌਰਡ*, ਅਕਤੂਬਰ 1981, ਸਫ਼ੇ 28–31.